ਮਿੱਠੇ ਬੱਚੇ:- ਤੁਹਾਡਾ ਧੰਧਾ ਹੈ ਮਨੁੱਖਾ ਨੂੰ ਸੁਜਾਗ ਕਰਨਾ, ਰਸਤਾ ਦੱਸਣਾ, ਜਿਨ੍ਹਾਂ ਤੁਸੀਂ ਦੇਹੀ ਅਭਿਮਾਨੀ ਬਣ ਕੇ ਬਾਪ ਦਾ ਪਰਿਚੈ ਸੁਣਾਓਗੇ ਓਨਾਂ ਹੀ ਕਲਿਆਣ ਹੋਵੇਗਾ"

ਪ੍ਰਸ਼ਨ:- ਗਰੀਬ ਬੱਚੇ ਆਪਣੀ ਕਿਸ ਵਿਸ਼ੇਸ਼ੇਤਾ ਦੇ ਆਧਾਰ ਤੇ ਸਾਹੂਕਾਰਾ ਤੋਂ ਅੱਗੇ ਜਾਂਦੇ ਹਨ ?

ਉੱਤਰ:- ਗਰੀਬਾਂ ਵਿੱਚ ਦਾਨ ਪੁੰਨ ਦੀ ਬੜੀ ਸ਼ਰਧਾ ਰਹਿੰਦੀ ਹੈ। ਗਰੀਬ ਭਗਤੀ ਵੀ ਲਗਨ ਨਾਲ ਕਰਦੇ ਹਨ। ਸ਼ਾਖਸ਼ਤਕਾਰ ਵੀ ਗਰੀਬਾਂ ਨੂੰ ਹੁੰਦਾ ਹੈ। ਸ਼ਾਹੂਕਾਰਾਂ ਨੂੰ ਆਪਣੇ ਧਨ ਦਾ ਨਸ਼ਾ ਰਹਿੰਦਾ ਹੈ। ਪਾਪ ਜਿਆਦਾ ਹੁੰਦੇ ਹਨ ਇਸਲਈ ਗਰੀਬ ਬੱਚੇ ਉਹਨਾਂ ਤੋਂ ਅੱਗੇ ਚਲੇ ਜਾਂਦੇ ਹਨ।

ਗੀਤ:- ਓਮ ਨਮੋ ਸ਼ਿਵਯ ....

ਓਮ ਸ਼ਾਂਤੀ। ਤੁਮ ਮਾਤ ਪਿਤਾ ਹਮ ਬਾਲਕ ਤੇਰੇ ... ਇਹ ਤਾਂ ਜਰੂਰ ਪਰਮਪਿਤਾ ਪਰਮਾਤਮਾ ਦੀ ਮਹਿਮਾ ਗਾਈ ਹੋਈ ਹੈ। ਇਹ ਤਾਂ ਕਲੀਅਰ ਮਹਿਮਾ ਹੈ ਕਿਉਕਿ ਉਹ ਰਚਤਾ ਹੈ। ਲੌਕਿਕ ਮਾਂ ਬਾਪ ਵੀ ਬੱਚੇ ਦੇ ਰਚਤਾ ਹਨ। ਪਾਰਲੌਕਿਕ ਬਾਪ ਨੂੰ ਵੀ ਰਚਤਾ ਕਿਹਾ ਜਾਂਦਾ ਹੈ। ਬੰਧੂ, ਸਹਾਇਕ... ਬਹੁਤ ਮਹਿਮਾ ਗਾਉਂਦੇ ਹਨ। ਲੌਕਿਕ ਬਾਪ ਦੀ ਇਤਨੀ ਮਹਿਮਾ ਨਹੀਂ ਹੈ। ਪਰਮਪਿਤਾ ਪਰਮਾਤਮਾ ਦੀ ਮਹਿਮਾ ਹੀ ਵੱਖ ਹੈ। ਬੱਚੇ ਵੀ ਮਹਿਮਾ ਕਰਦੇ ਹਨ ਗਿਆਨ ਦਾ ਸਾਗਰ ਹੈ, ਨਾਲੇਜਫੁਲ ਹੈ। ਉਨ੍ਹਾਂ ਵਿੱਚ ਸਾਰਾ ਗਿਆਨ ਹੈ। ਨਾਲੇਜ ਕੋਈ ਸ਼ਰੀਰ ਨਿਰਵਾਹ ਦੀ ਪੜਾਈ ਦਾ ਨਹੀਂ ਹੈ। ਉਨ੍ਹਾਂ ਨੂੰ ਗਿਆਨ ਦਾ ਸਾਗਰ ਨਾਲੇਜ ਫੁਲ ਕਿਹਾ ਜਾਂਦਾ ਹੈ। ਤਾਂ ਜਰੂਰ ਉਨ੍ਹਾਂ ਦੇ ਕੋਲ ਗਿਆਨ ਹੈ ਪਰ ਕਿਹੜਾ ਗਿਆਨ? ਇਹ ਸ੍ਰਿਸ਼ਟੀ ਚੱਕਰ ਕਿਵੇਂ ਫਿਰਦਾ ਹੈ, ਉਸ ਦਾ ਗਿਆਨ ਹੈ। ਤਾਂ ਉਹ ਹੀ ਗਿਆਨ ਸਾਗਰ ਪਤਿਤ - ਪਾਵਨ ਹੈ। ਕ੍ਰਿਸ਼ਨ ਨੂੰ ਕਦੇ ਵੀ ਪਤਿਤ - ਪਾਵਨ ਜਾਂ ਗਿਆਨ ਦਾ ਸਾਗਰ ਨਹੀਂ ਕਹਿੰਦੇ। ਉਨ੍ਹਾਂ ਦੀ ਮਹਿਮਾ ਬਿਲਕੁਲ ਨਿਆਰੀ ਹੈ। ਦੋਵੇਂ ਹਨ ਭਾਰਤ ਦੇ ਨਿਵਾਸੀ। ਸ਼ਿਵਬਾਬਾ ਦੀ ਵੀ ਭਾਰਤ ਵਿੱਚ ਮਹਿਮਾ ਹੈ। ਸ਼ਿਵ ਜਯੰਤੀ ਵੀ ਇੱਥੇ ਹੀ ਮਨਾਉਦੇ ਹਨ। ਕ੍ਰਿਸ਼ਨ ਦੀ ਜਯੰਤੀ ਵੀ ਮਨਾਉਂਦੇ ਹਨ। ਗੀਤਾ ਦੀ ਵੀ ਜਯੰਤੀ ਮਨਾਉਂਦੇ ਹਨ। ਤਿੰਨ ਜਯੰਤੀ ਮੁੱਖ ਹਨ। ਹੁਣ ਪ੍ਰਸ਼ਨ ਉੱਠਦਾ ਹੈ ਕਿ ਪਹਿਲੇ ਜਯੰਤੀ ਕਿਸ ਦੀ ਹੋਵੇਗੀ ? ਸ਼ਿਵ ਦੀ ਜਾਂ ਕ੍ਰਿਸ਼ਨ ਦੀ। ਮਨੁੱਖ ਤਾਂ ਬਿਲਕੁਲ ਹੀ ਬਾਪ ਨੂੰ ਭੁੱਲੇ ਹੋਏ ਹਨ। ਕ੍ਰਿਸ਼ਨ ਦੀ ਜਯੰਤੀ ਬੜੀ ਧੂਮ ਧਾਮ ਨਾਲ, ਪਿਆਰ ਨਾਲ ਮਨਾਉਂਦੇ ਹਨ। ਸ਼ਿਵ ਜਯੰਤੀ ਦਾ ਇਤਨਾ ਕਿਸੇ ਨੂੰ ਪਤਾ ਨਹੀਂ ਹੈ, ਨਾ ਗਾਇਨ ਹੈ। ਸ਼ਿਵ ਨੇ ਕੀ ਆ ਕੇ ਕੀਤਾ? ਉਨ੍ਹਾਂ ਦੀ ਬਾਇਓ ਗ੍ਰਾਫ਼ੀ ਦਾ ਕਿਸੇ ਨੂੰ ਪਤਾ ਨਹੀਂ ਹੈ। ਕ੍ਰਿਸ਼ਨ ਦੀਆਂ ਤੇ ਬਹੁਤ ਗੱਲਾਂ ਲਿਖ ਦਿੱਤੀਆਂ ਹਨ। ਗੋਪੀਆਂ ਨੂੰ ਭਜਾਇਆ, ਇਹ ਕੀਤਾ। ਕ੍ਰਿਸ਼ਨ ਦੇ ਚਰਿਤਰਾਂ ਦੀ ਖਾਸ ਇੱਕ ਮੈਗਜੀਨ ਵੀ ਨਿਕਲਦੀ ਹੈ। ਸ਼ਿਵ ਦੇ ਚਰਿਤਰ ਆਦਿ ਕੁਝ ਹਨ ਨਹੀਂ । ਕ੍ਰਿਸ਼ਨ ਦੀ ਜਯੰਤੀ ਕਦੋਂ ਹੋਈ ਫਿਰ ਗੀਤਾ ਦੀ ਜਯੰਤੀ ਕਦੋ ਹੋਈ? ਕ੍ਰਿਸ਼ਨ ਜਦੋਂ ਵੱਡਾ ਹੋਵੇ ਤਾਂ ਹੀ ਤੇ ਗਿਆਨ ਸੁਣਾਵੇ। ਕ੍ਰਿਸ਼ਨ ਦੇ ਬਚਪਨ ਨੂੰ ਤਾਂ ਵਿਖਾਉਂਦੇ ਹਨ, ਟੋਕਰੀ ਵਿੱਚ ਪਾ ਕੇ ਪਾਰ ਲੈ ਗਏ। ਵੱਡੇ ਹੋਏ ਦਾ ਵਿਖਾਉਂਦੇ ਹਨ, ਰੱਥ ਤੇ ਖੜਾ ਹੈ। ਚੱਕਰ ਚਲਾਉਂਦੇ ਹਨ। 16 -17 ਵਰ੍ਹੇ ਦਾ ਹੋਵੇਗਾ। ਬਾਕੀ ਚਿੱਤਰ ਛੋਟੇ ਪਨ ਦੇ ਵਿਖ਼ਾਏ ਹਨ। ਹੁਣ ਗੀਤਾ ਕਦੋਂ ਸੁਣਾਈ । ਉਸੀ ਸਮੇਂ ਤੇ ਨਹੀਂ ਸੁਣਾਈ ਹੋਵੇਗੀ। ਜਦੋਂ ਲਿਖਦੇ ਹਨ ਫਲਾਣੀ ਨੂੰ ਭਜਾਇਆ, ਇਹ ਕੀਤਾ। ਉਸ ਸਮੇ ਤਾ ਗਿਆਨ ਸੋਭਦਾ ਵੀ ਨਹੀਂ। ਗਿਆਨ ਤਾਂ ਜਦੋਂ ਬਜ਼ੁਰਗ ਹੋਵੇ ਤਾਂ ਸੁਣਾਵੇ। ਗੀਤਾ ਵੀ ਕੁਝ ਸਮੇਂ ਬਾਅਦ ਸੁਣਾਈ ਹੋਵੇਗੀ। ਹੁਣ ਸ਼ਿਵ ਨੇ ਕੀ ਕੀਤਾ, ਕੁਝ ਪਤਾ ਨਹੀਂ। ਅਗਿਆਨ ਨੀਂਦ ਵਿੱਚ ਸੁੱਤੇ ਪਏ ਹਨ। ਬਾਪ ਕਹਿੰਦੇ ਹਨ ਮੇਰੀ ਬਾਇਓਗ੍ਰਾਫੀ ਦਾ ਕਿਸੇ ਨੂੰ ਪਤਾ ਨਹੀਂ ਹੈ ਮੈਂ ਕੀ ਕੀਤਾ ? ਮੈਨੂੰ ਹੀ ਪਤਿਤ ਪਾਵਨ ਕਹਿੰਦੇ ਹਨ। ਮੈਂ ਆਉਂਦਾ ਹਾਂ ਤਾਂ ਮੇਰੇ ਨਾਲ ਗੀਤਾ ਹੈ। ਮੈਂ ਸਧਾਰਨ ਬੁੱਢੇ ਅਨੁਭਵੀ ਤਨ ਵਿੱਚ ਆਉਂਦਾ ਹਾਂ । ਸ਼ਿਵ ਜਯੰਤੀ ਤੁਸੀਂ ਭਾਰਤ ਵਿੱਚ ਹੀ ਮਨਾਉਂਦੇ ਹੋ। ਕ੍ਰਿਸ਼ਨ ਜਯੰਤੀ, ਗੀਤਾ ਜਯੰਤੀ ਇਹ ਤਿਨ ਮੁੱਖ ਹਨ। ਰਾਮ ਦੀ ਜਯੰਤੀ ਤਾਂ ਬਾਅਦ ਵਿੱਚ ਹੁੰਦੀ ਹੈ। ਇਸ ਸਮੇਂ ਜੋ ਕੁਝ ਹੁੰਦਾ ਹੈ ਉਹ ਬਾਅਦ ਵਿੱਚ ਮਨਾਇਆ ਜਾਂਦਾ ਹੈ। ਸਤਿਯੁਗ ਤ੍ਰੇਤਾ ਵਿੱਚ ਜਯੰਤੀ ਆਦਿ ਹੁੰਦੀ ਨਹੀਂ। ਸੂਰਜਵੰਸ਼ੀ ਤੋਂ ਚੰਦਰਵੰਸ਼ੀ ਵਰਸਾ ਲੈਂਦੇ ਹਨ। ਹੋਰ ਕਿਸੇ ਦੀ ਮਹਿਮਾ ਹੈ ਨਹੀਂ। ਸਿਰ੍ਫ ਰਾਜਿਆਂ ਦਾ ਕਾਰੋਨੇਸ਼ਨ ਮਨਾਉਂਦੇ ਹੋਣਗੇ। ਬਰ੍ਥਡੇ ਤਾਂ ਅੱਜਕਲ ਸਾਰੇ ਮਨਾਉਂਦੇ ਹਨ। ਉਹ ਤਾਂ ਕਾਮਨ ਗੱਲ ਹੋਈ। ਕ੍ਰਿਸ਼ਨ ਨੇ ਜਨਮ ਲਿਆ ਵੱਡਾ ਹੋ ਕੇ ਰਾਜਧਾਨੀ ਚਲਾਈ, ਉਸ ਵਿੱਚ ਮਹਿਮਾ ਦੀ ਤਾਂ ਗੱਲ ਹੀ ਨਹੀਂ। ਸਤਿਯੁਗ ਤ੍ਰੇਤਾ ਵਿੱਚ ਸੁਖ ਦਾ ਰਾਜ ਚੱਲਿਆ ਆਉਂਦਾ ਹੈ। ਉਹ ਰਾਜ ਕਦੋਂ, ਕਿਵੇਂ ਸਥਾਪਨ ਹੋਇਆ! ਇਹ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ। ਬਾਪ ਕਹਿੰਦੇ ਹਨ ਬੱਚਿਓ ਮੈਂ ਕਲਪ - ਕਲਪ, ਕਲਪ ਦੇ ਸੰਗਮ ਯੁਗ ਤੇ ਆਉਂਦਾ ਹਾਂ। ਕਲਯੁਗ ਦਾ ਅੰਤ ਹੈ ਪਤਿਤ ਦੁਨੀਆਂ। ਸਤਿਯੁਗ ਆਦਿ ਪਾਵਨ ਦੁਨੀਆਂ। ਮੈਂ ਬਾਪ ਵੀ ਹਾਂ। ਤੁਹਾਨੂੰ ਬੱਚਿਆਂ ਨੂੰ ਵਰਸਾ ਵੀ ਦੇਵਾਂਗਾ। ਕਲਪ ਪਹਿਲੇ ਵੀ ਤੁਹਾਨੂੰ ਵਰਸਾ ਦਿੱਤਾ ਸੀ ਇਸਲਈ ਤੁਸੀਂ ਮਨਾਉਂਦੇ ਆਏ ਹੋ। ਪਰ ਨਾਮ ਭੁੱਲ ਜਾਣ ਨਾਲ ਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਵੱਡੇ ਤੋਂ ਵੱਡਾ ਸ਼ਿਵ ਹੈ ਨਾ। ਪਹਿਲੇ ਤਾਂ ਜਦੋਂ ਉਨ੍ਹਾਂ ਦੀ ਜਯੰਤੀ ਹੋਵੇ ਤਾਂ ਫਿਰ ਸਾਕਾਰ ਮਨੁੱਖਾਂ ਦੀ ਹੋਵੇ। ਆਤਮਾਵਾਂ ਤਾਂ ਸਭ ਅਸਲ ਵਿੱਚ ਉੱਪਰ ਤੋ ਉਤਰਦੀਆਂ ਹਨ। ਮੇਰਾ ਵੀ ਅਵਤਰਨ ਹੈ। ਕ੍ਰਿਸ਼ਨ ਨੇ ਮਾਤਾ ਦੇ ਗਰਭ ਤੋਂ ਜਨਮ ਲਿਆ, ਪਾਲਣਾ ਲਈ। ਸਭਨੂੰ ਪੁਨਰਜਨਮ ਵਿੱਚ ਆਉਣਾ ਹੀ ਹੈ। ਸ਼ਿਵਬਾਬਾ ਪੁਨਰਜਨਮ ਨਹੀਂ ਲੈਂਦੇ ਹਨ। ਆਉਂਦੇ ਤੇ ਹਨ ਨਾ। ਤਾਂ ਇਹ ਸਭ ਬਾਪ ਬੈਠ ਸਮਝਾਉਂਦੇ ਹਨ। ਬ੍ਰਹਮਾ, ਵਿਸ਼ਨੂੰ, ਸ਼ੰਕਰ ਦੀ ਤ੍ਰਿਮੂਰਤੀ ਵਿਖਾਉਦੇ ਹਨ ਨਾ। ਬ੍ਰਹਮਾ ਦਵਾਰਾ ਸਥਾਪਨਾ, ਕਿਉਕਿ ਸ਼ਿਵ ਨੂੰ ਤਾਂ ਆਪਣਾ ਸਰੀਰ ਹੈ ਨਹੀਂ। ਖੁਦ ਬੈਠ ਦਸਦੇ ਹਨ ਮੈਂ ਇਹਨਾ ਦੇ ਬੁੱਢੇ ਤਨ ਵਿੱਚ ਆਉਂਦਾ ਹਾਂ। ਇਹ ਆਪਣੇ ਜਨਮਾਂ ਨੂੰ ਨਹੀਂ ਜਾਣਦੇ

ਹਨ। ਇਨ੍ਹਾਂਦੇ ਬਹੁਤ ਜਨਮਾਂ ਦੇ ਅੰਤ ਦਾ ਇਹ ਜਨਮ ਹੈ। ਤਾਂ ਪਹਿਲਾਂ - ਪਹਿਲਾਂ ਸਮਝਾਉਣਾ ਪਵੇ ਸ਼ਿਵਜਯੰਤੀ ਵੱਡੀ ਜਾਂ ਸ਼੍ਰੀ ਕ੍ਰਿਸ਼ਨ ਜਯੰਤੀ ਵੱਡੀ? ਜੇਕਰ ਕ੍ਰਿਸ਼ਨ ਨੇ ਗੀਤਾ ਸੁਣਾਈ ਤਾਂ ਗੀਤਾ ਜਯੰਤੀ ਤਾਂ ਸ਼੍ਰੀ ਕ੍ਰਿਸ਼ਨ ਦੇ ਬਹੁਤ ਵਰ੍ਹਿਆਂ ਦੇ ਬਾਅਦ ਹੋ ਸਕੇ, ਜਦੋਕਿ ਕ੍ਰਿਸ਼ਨ ਵੱਡਾ ਹੋਵੇ। ਇਹ ਸਭ ਸਮਝਣ ਦੀਆਂ ਗੱਲਾਂ ਹਨ ਨਾ। ਪਰ ਅਸਲ ਵਿੱਚ ਸ਼ਿਵ ਜਯੰਤੀ ਦੇ ਬਾਦ ਹੋਈ ਫੱਟ ਨਾਲ ਗੀਤਾ ਜਯੰਤੀ। ਇਹ ਵੀ ਪੁਆਇੰਟਸ ਬੁੱਧੀ ਵਿੱਚ ਰਖਣੇ ਹਨ। ਪੁਆਇੰਟਸ ਤਾਂ ਢੇਰ ਹਨ। ਬਿਨਾਂ ਨੋਟ ਕੀਤੇ ਯਾਦ ਰਹਿ ਨਹੀਂ ਸਕਦੇ। ਬਾਬਾ ਇਤਨਾ ਨੇੜੇ ਹੈ, ਉਨ੍ਹਾਂ ਦਾ ਰੱਥ ਹੈ, ਉਹ ਵੀ ਕਹਿੰਦੇ ਹਨ ਸਾਰੇ ਪੁਆਇੰਟਸ ਸਮੇਂ ਤੇ ਯਾਦ ਆ ਜਾਣ, ਮੁਸ਼ਕਿਲ ਹੈ। ਬਾਬਾ ਨੇ ਸਮਝਾਇਆ ਹੈ ਸਭ ਨੂੰ ਦੋ ਬਾਪ ਦਾ ਰਾਜ਼ ਸਮਝਾਵੋ। ਸ਼ਿਵਬਾਬਾ ਦੀ ਜਯੰਤੀ ਮਨਾਉਂਦੇ ਹਨ, ਜਰੂਰ ਆਉਂਦਾ ਹੋਵੇਗਾ। ਜਿਵੇਂ ਕ੍ਰਾਇਸਟ, ਬੁੱਧ ਆਦਿ ਆ ਕੇ ਆਪਣਾ ਧਰਮ ਸਥਾਪਨ ਕਰਦੇ ਹਨ। ਉਹ ਵੀ ਆਤਮਾ ਆਕੇ ਪ੍ਰਵੇਸ਼ ਕਰ ਧਰਮ ਸਥਾਪਨ ਕਰਦੀ ਹੈ। ਉਹ ਹੈ ਹੈਵਨਲੀ ਗੌਡ ਫਾਦਰ, ਸ੍ਰਿਸ਼ਟੀ ਦੇ ਰਚਤਾ। ਤਾਂ ਜਰੂਰ ਨਵੀਂ ਸ੍ਰਿਸ਼ਟੀ ਰਚਣਗੇ ਪੁਰਾਣੀ ਥੋੜੇ ਨਾ ਰਚਣਗੇ। ਨਵੀਂ ਸ੍ਰਿਸ਼ਟੀ ਨੂੰ ਸਵਰਗ ਕਿਹਾ ਜਾਂਦਾ ਹੈ, ਹੁਣ ਹੈ ਨਰਕ। ਬਾਬਾ ਕਹਿੰਦੇ ਹਨ ਮੈਂ ਕਲਪ ਕਲਪ ਦੇ ਸੰਗਮ ਤੇ ਆ ਕੇ ਤੁਹਾਨੂੰ ਬੱਚਿਆਂ ਨੂੰ ਰਾਜ ਯੋਗ ਦਾ ਗਿਆਨ ਦਿੰਦਾ ਹਾਂ। ਇਹ ਹੈ ਭਾਰਤ ਦਾ ਪ੍ਰਾਚੀਨ ਯੋਗ। ਕਿਸ ਨੇ ਸਿਖਾਇਆ? ਸ਼ਿਵਬਾਬਾ ਦਾ ਤੇ ਨਾਮ ਗੁੰਮ ਕਰ ਦਿੱਤਾ ਹੈ। ਇੱਕ ਤਾਂ ਕਹਿੰਦੇ ਗੀਤਾ ਦਾ ਭਗਵਾਨ ਸ਼੍ਰੀ ਕ੍ਰਿਸ਼ਨ ਅਤੇ ਅਤੇ ਵਿਸ਼ਨੂੰ ਦੇ ਨਾਮ ਦੇ ਦਿੱਤੇ ਹਨ। ਸ਼ਿਵਬਾਬਾ ਨੇ ਰਾਜਯੋਗ ਸਿਖਾਇਆ ਸੀ। ਕਿਸੇ ਨੂੰ ਪਤਾ ਨਹੀਂ ਹੈ। ਸ਼ਿਵ ਜਯੰਤੀ ਨਿਰਾਕਾਰ ਦੀ ਜਯੰਤੀ ਵੀ ਵਿਖਾਉਂਦੇ ਹਨ। ਉਹ ਕਿਵੇਂ ਆਇਆ, ਕੀ ਆਕੇ ਕੀਤਾ? ਉਹ ਤਾਂ ਸ੍ਰਵ ਦਾ ਸਦਗਤੀ ਦਾਤਾ ਹੈ, ਲਿਬਰੇਟਰ, ਗਾਈਡ ਹੈ। ਹੁਣ ਸਾਰੀਆਂ ਆਤਮਾਵਾਂ ਨੂੰ ਗਾਈਡ ਚਾਹੀਦਾ ਹੈ ਪਰਮਾਤਮਾ। ਉਹ ਵੀ ਆਤਮਾ ਹੈ। ਜਿਵੇਂ ਮਨੁੱਖਾਂ ਦਾ ਗਾਈਡ ਮਨੁੱਖ ਹੁੰਦਾ ਹੈ, ਉਵੇਂ ਆਤਮਾਵਾਂ ਦਾ ਗਾਈਡ ਵੀ ਆਤਮਾ ਚਾਹੀਦਾ ਹੈ। ਉਹ ਤਾਂ ਸੁਪ੍ਰੀਮ ਆਤਮਾ ਹੀ ਕਹਾਂਗੇ। ਮਨੁੱਖ ਤਾਂ ਸਭ ਪੁਨਰਜਨਮ ਲੈ ਪਤਿਤ ਬਣਦੇ ਹਨ। ਫਿਰ ਪਾਵਨ ਬਣਾਕੇ ਵਾਪਿਸ ਕੌਣ ਲੈ ਜਾਵੇ? ਬਾਪ ਕਹਿੰਦੇ ਹਨ ਮੈਂ ਹੀ ਆਕੇ ਪਾਵਨ ਹੋਣ ਦੀ ਯੁਕਤੀ ਦੱਸਦਾ ਹਾਂ। ਤੁਸੀਂ ਮੈਨੂੰ ਯਾਦ ਕਰੋ। ਕ੍ਰਿਸ਼ਨ ਤੇ ਕਹਿ ਨਹੀਂ ਸਕਦਾ ਕਿ ਦੇਹ ਦਾ ਸਬੰਧ ਛੱਡੋ। ਉਹ ਤਾਂ 84 ਜਨਮ ਲੈਂਦੇ ਹਨ। ਸਾਰੇ ਸੰਬੰਧਾਂ ਵਿੱਚ ਆਉਂਦੇ ਹਨ। ਬਾਪ ਨੂੰ ਆਪਣਾ ਸ਼ਰੀਰ ਨਹੀ ਹੈ। ਤੁਹਾਨੂੰ ਇਹ ਰੂਹਾਨੀ ਯਾਤ੍ਰਾ ਬਾਪ ਸਿਖਾਉਂਦੇ ਹਨ। ਇਹ ਹੈ ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਨਾਲੇਜ। ਕ੍ਰਿਸ਼ਨ ਕਿਸੇ ਦਾ ਰੂਹਾਨੀ ਬਾਪ ਥੋੜ੍ਹੀ ਨਾ ਹੈ। ਸਭ ਦਾ ਰੂਹਾਨੀ ਬਾਪ ਮੈਂ ਹੀ ਹਾਂ

ਮੈਂ ਹੀ ਗਾਈਡ ਬਣ ਸਕਦਾ ਹਾਂ। ਲਿਬਰੇਟਰ, ਗਾਈਡ, ਬਲਿਸਫੁੱਲ, ਪੀਸਫੁਲ, ਏਵਰ ਪਿਓਰ ਸਭ ਮੇਰੇ ਲਈ ਕਹਿੰਦੇ ਹਨ। ਹੁਣ ਤੁਹਾਨੂੰ ਆਤਮਾਵਾਂ ਨੂੰ ਨਾਲੇਜ ਦੇ ਰਹੇ ਹਨ। ਬਾਪ ਕਹਿੰਦੇ ਹਨ ਮੈਂ ਇਸ ਸ਼ਰੀਰ ਦਵਾਰਾ ਤੁਹਾਨੂੰ ਦੇ ਰਿਹਾ ਹਾਂ। ਤੁਸੀਂ ਵੀ ਸ਼ਰੀਰ ਦਵਾਰਾ ਨਾਲੇਜ ਲੈ ਰਹੇ ਹੋ। ਉਹ ਹੈ ਗੌਡ ਫਾਦਰ ਉਨ੍ਹਾਂ ਦਾ ਰੂਪ ਵੀ ਦੱਸਿਆ ਹੈ। ਜਿਵੇਂ ਆਤਮਾ ਬਿੰਦੀ ਹੈ, ਉਵੇਂ ਪਰਮਾਤਮਾ ਵੀ ਬਿੰਦੀ ਹੈ। ਉਹ ਕੁਦਰਤ ਹੈ ਨਾ। ਅਸਲ ਵਿੱਚ ਵੱਡੀ ਕੁਦਰਤ ਤਾਂ ਇਹ ਹੈ। ਇੰਨੇ ਛੋਟੇ ਸਟਾਰ ਵਿੱਚ 84 ਜਨਮਾਂ ਦਾ ਪਾਰਟ ਹੈ। ਇਹ ਹੈ ਕੁਦਰਤ। ਬਾਪ ਦਾ ਵੀ ਡਰਾਮੇ ਵਿੱਚ ਪਾਰਟ ਹੈ। ਭਗਤੀਮਾਰਗ ਵਿੱਚ ਵੀ ਤੁਹਾਡੀ ਸਰਵਿਸ ਕਰਦੇ ਹਨ। ਤੁਹਾਡੀ ਆਤਮਾ ਵਿੱਚ 84 ਜਨਮਾਂ ਦਾ ਪਾਰਟ ਅਵਿਨਾਸ਼ੀ ਹੈ, ਇਸਨੂੰ ਕਿਹਾ ਜਾਂਦਾ ਹੈ ਕੁਦਰਤ, ਇਸ ਦਾ ਵਰਨਣ ਕਿਵੇਂ ਕਰੀਏ। ਇੰਨੀ ਛੋਟੀ ਜਿਹੀ ਆਤਮਾ ਹੈ। ਇਹ ਗੱਲਾਂ ਸੁਣਕੇ ਵੰਡਰ ਖਾਂਦੇ ਹਨ। ਆਤਮਾ ਹੈ ਵੀ ਸਟਾਰ ਮੁਆਫ਼ਿਕ। 84 ਜਨਮ ਐਕੁਰੇਟ ਭੋਗਦੀ ਹੈ। ਸੁਖ ਵੀ ਐਕੁਰੇਟ ਭੋਗੇਗੀ। ਇਹ ਹੈ ਕੁਦਰਤ। ਬਾਪ ਵੀ ਹੈ ਆਤਮਾ, ਪਰਮ ਆਤਮਾ। ਉਨ੍ਹਾਂ ਵਿੱਚ ਸਾਰੀ ਨਾਲੇਜ ਭਰੀ ਹੋਈ ਹੈ, ਜੋ ਬੱਚਿਆਂ ਨੂੰ ਸਮਝਾਉਂਦੇ ਹਨ। ਇਹ ਹਨ ਨਵੀਆਂ ਗੱਲਾਂ, ਨਵੇਂ ਮਨੁੱਖ ਸੁਣਕੇ ਕਹਿਣਗੇ ਇਨ੍ਹਾਂ ਦਾ ਗਿਆਨ ਤਾਂ ਸ਼ਾਸਤਰਾਂ ਆਦਿ ਵਿੱਚ ਵੀ ਨਹੀਂ ਹੈ। ਫਿਰ ਵੀ ਜਿੰਨ੍ਹਾਂਨੇ ਕਲਪ ਪਹਿਲੋਂ ਸੁਣਿਆ ਹੈ, ਵਰਸਾ ਲਿਆ ਹੈ ਉਹ ਹੀ ਵਾਧੇ ਨੂੰ ਪਾਉਂਦੇ ਰਹਿੰਦੇ ਹਨ। ਟਾਈਮ ਲਗਦਾ ਹੈ। ਪ੍ਰਜਾ ਢੇਰ ਬਣਦੀ ਹੈ। ਉਹ ਤਾਂ ਸਹਿਜ ਹੈ। ਰਾਜਾ ਬਣਨ ਵਿੱਚ ਮਿਹਨਤ ਹੈ। ਮਨੁੱਖ ਜੋ ਬਹੁਤ ਧਨ ਦਾਨ ਕਰਦੇ ਹਨ ਤਾਂ ਰਾਜਾਈ ਘਰ ਵਿੱਚ ਜਨਮ ਲੈਂਦੇ ਹਨ। ਗਰੀਬ ਵੀ ਆਪਣੀ ਹਿਮੰਤ ਅਨੁਸਾਰ ਜੋ ਕੁਝ ਦਾਨ ਕਰਦੇ ਹੋਣਗੇ ਤਾਂ ਉਹ ਹੀ ਰਾਜੇ ਬਣਦੇ ਹਨ। ਜੋ ਪੂਰੇ ਭਗਤ ਹੁੰਦੇਂ ਹਨ ਉਹ ਦਾਨ ਪੁੰਨ ਵੀ ਕਰਦੇ ਹਨ। ਸ਼ਾਹੂਕਾਰਾਂ ਤੋਂ ਪਾਪ ਜਾਸਤੀ ਹੁੰਦੇਂ ਹੋਣਗੇ। ਗਰੀਬਾਂ ਵਿੱਚ ਸ਼ਰਧਾ ਬਹੁਤ ਰਹਿੰਦੀ ਹੈ। ਉਹ ਬਹੁਤ ਪਿਆਰ ਨਾਲ ਥੋੜ੍ਹਾ ਵੀ ਦਾਨ ਕਰਦੇ ਹਨ ਤਾਂ ਬਹੁਤ ਮਿਲਦਾ ਹੈ। ਗਰੀਬ ਭਗਤੀ ਵੀ ਬਹੁਤ ਕਰਦੇ ਹਨ। ਦਰਸ਼ਨ ਦੇਵੋ ਨਹੀਂ ਤਾਂ ਅਸੀਂ ਆਪਣਾ ਗਲਾ ਕੱਟ ਦਿੰਦੇ ਹਾਂ। ਸ਼ਾਹੂਕਾਰ ਇਵੇਂ ਨਹੀਂ ਕਰਨਗੇ। ਸਾਖਸ਼ਤਕਾਰ ਵੀ ਗਰੀਬਾਂ ਨੂੰ ਹੁੰਦੇਂ ਹਨ। ਉਹ ਹੀ ਦਾਨ ਪੁੰਨ ਕਰਦੇ ਹਨ, ਰਾਜੇ ਵੀ ਉਹ ਹੀ ਬਣਦੇ ਹਨ। ਪੈਸੇ ਵਾਲਿਆਂ ਨੂੰ ਹੰਕਾਰ ਰਹਿੰਦਾ ਹੈ। ਇੱਥੇ ਵੀ ਗਰੀਬਾਂ ਨੂੰ 21 ਜਨਮ ਦਾ ਸੁਖ ਮਿਲਦਾ ਹੈ। ਗਰੀਬ ਜ਼ਿਆਦਾ ਹਨ। ਸ਼ਾਹੂਕਾਰ ਪਿਛਾੜੀ ਵਿੱਚ ਆਉਣਗੇ। ਤਾਂ ਭਾਰਤ ਜੋ ਇਤਨਾ ਉੱਚ ਸੀ ਸੋ ਫਿਰ ਇੰਨਾ ਗਰੀਬ ਕਿਵੇਂ ਹੋਇਆ, ਤੁਸੀਂ ਸਮਝਦੇ ਹੋ। ਅਰਥਕੁਵੇਕ ਆਦਿ ਵਿੱਚ ਸਭ ਮਹਿਲ ਆਦਿ ਚਲੇ ਜਾਣਗੇ ਤਾਂ ਗਰੀਬ ਹੋ ਜਾਣਗੇ। ਰਾਵਣ ਰਾਜ ਹੋਣ ਨਾਲ ਹਾਹਾਕਾਰ ਹੋ ਜਾਂਦਾ ਹੈ ਤਾਂ ਫਿਰ ਅਜਿਹੀਆਂ ਚੀਜਾਂ ਰਹਿ ਨਹੀਂ ਸਕਦੀਆਂ। ਹਰ ਚੀਜ ਦੀ ਉੱਮਰ ਤਾਂ ਹੁੰਦੀ ਹੈ ਨਾ। ਉੱਥੇ ਜਿਵੇਂ ਮਨੁੱਖਾਂ ਦੀ ਉੱਮਰ ਵੱਡੀ ਹੁੰਦੀ ਹੈ ਉਵੇਂ ਮਕਾਨ ਦੀ ਉੱਮਰ ਵੀ ਵੱਡੀ ਹੰਦੀ ਹੈ। ਸੋਨੇ ਦੇ, ਮਾਰਬਲ ਦੇ ਵੱਡੇ - ਵੱਡੇ ਮਕਾਨ ਬਣਦੇ ਜਾਣਗੇ। ਸੋਨੇ ਦੇ ਤਾਂ ਹੋਰ ਵੀ ਮਜਬੂਤ ਹੋਣਗੇ। ਨਾਟਕ ਵਿੱਚ ਵੀ ਵਿਖਾਉਂਦੇ ਹਨ ਨਾ - ਲੜ੍ਹਾਈ ਹੁੰਦੀ ਹੈ, ਮਕਾਨ ਟੁੱਟ ਫੁਟ ਜਾਂਦੇ ਹਨ। ਫਿਰ ਬਣ ਜਾਂਦੇ ਹਨ। ਉਨ੍ਹਾਂ ਦੀ ਬਨਾਵਟ ਅਜਿਹੀ ਹੁੰਦੀ ਹੈ। ਇਹ ਜੋ ਸਵਰਗ ਦੇ ਮਹਿਲ ਆਦਿ ਬਨਾਉਣਗੇ, ਇਵੇਂ ਤਾਂ ਨਹੀਂ ਵਿਖਾਉਣਗੇ ਮਿਸਤਰੀ ਲੋਕ ਕਿਵੇਂ ਮਕਾਨ ਬਨਾਉਂਦੇ ਹਨ। ਹਾਂ ਸਮਝਦੇ ਹਨ ਉਹ ਹੀ ਮਕਾਨ ਹੋਣਗੇ। ਅੱਗੇ ਚੱਲ ਤੁਹਾਨੂੰ ਸਾਖਸ਼ਤਕਾਰ ਹੋਵੇਗਾ। ਅਜਿਹਾ ਵਿਵੇਕ ਕਹਿੰਦਾ ਹੈ। ਇਨ੍ਹਾਂ ਗੱਲਾਂ ਨਾਲ ਬੱਚਿਆਂ ਦਾ ਤਾਲੁਕ ਨਹੀਂ ਹੈ। ਬੱਚਿਆਂ ਨੂੰ ਤਾਂ ਪੜ੍ਹਾਈ ਪੜ੍ਹਨੀ ਹੈ। ਸਵਰਗ ਦਾ ਮਾਲਿਕ ਬਣਨਾ ਹੈ। ਸਵਰਗ ਅਤੇ ਨਰਕ ਕਈ ਵਾਰ ਪਾਸ ਹੋਇਆ ਹੈ। ਹੁਣ ਦੋਵੇਂ ਪਾਸ ਹੋਏ ਹਨ। ਹੁਣ ਹੈ ਸੰਗਮ। ਸਤਿਯੁਗ ਵਿੱਚ ਇਹ

ਨਾਲੇਜ ਨਹੀਂ ਹੋਵੇਗੀ। ਇਸ ਵਕਤ ਤੁਹਾਨੂੰ ਬੱਚਿਆਂ ਨੂੰ ਪੂਰੀ ਨਾਲੇਜ ਹੈ। ਲਕਸ਼ਮੀ - ਨਾਰਾਇਣ ਨੂੰ ਇਹ ਰਾਜ ਕਿਸ ਨੇ ਦਿੱਤਾ ਸੀ।

ਹੁਣ ਤੁਸੀਂ ਬੱਚਿਆਂ ਨੂੰ ਪਤਾ ਹੈ। ਇਨ੍ਹਾਂ ਨੇ ਇਹ ਵਰਸਾ ਕਿਸ ਦੇ ਕੋਲੋਂ ਪਾਇਆ। ਇੱਥੇ ਪੜ੍ਹਾਈ ਪੜ੍ਹ ਕੇ ਸਵਰਗ ਦੇ ਮਾਲਿਕ ਬਣਦੇ ਹਨ। ਫਿਰ ਉੱਥੇ ਜਾਕੇ ਸਵਰਗ ਦੇ ਮਹਿਲ ਆਦਿ ਬਨਾਉਂਦੇ ਹਨ। ਸਰਜਨ ਵੀ ਵੱਡੇ - ਵੱਡੇ ਹਸਪਤਾਲ ਬਨਾਉਂਦੇ ਹਨ ਨਾ।

ਬਾਪ ਤੁਹਾਨੂੰ ਬੱਚਿਆਂ ਨੂੰ ਦਿਨ - ਪ੍ਰਤੀਦਿਨ ਚੰਗੇ - ਚੰਗੇ ਪੁਆਇੰਟਸ ਸੁਣਾ ਰਹੇ ਹਨ। ਤੁਹਾਡਾ ਧੰਧਾ ਹੀ ਹੈ - ਮਨੁੱਖਾਂ ਨੂੰ ਸੁਜਾਗ ਕਰਨਾ, ਰਸਤਾ ਦੱਸਣਾ। ਜਿਵੇਂ ਬਾਪ ਕਿੰਨਾਂ ਪਿਆਰ ਨਾਲ ਬੈਠ ਸਮਝਾਉਂਦੇ ਹਨ। ਦੇਹ - ਅਭਿਮਾਨ ਦੀ ਲੋੜ ਨਹੀਂ ਹੈ। ਬਾਪ ਨੂੰ ਕਦੀ ਦੇਹ - ਅਭਿਮਾਨ ਨਹੀਂ ਹੋ ਸਕਦਾ। ਤੁਹਾਨੂੰ ਮਿਹਨਤ ਸਾਰੀ ਦੇਹੀ - ਅਭਿਮਾਨੀ ਹੋਣ ਵਿੱਚ ਲੱਗਦੀ ਹੈ। ਜੋ ਦੇਹੀ - ਅਭਿਮਾਨੀ ਬਣ ਬਾਪ ਦਾ ਬੈਠ ਪਰਿਚੈ ਦਿੰਦੇ ਹਨ, ਗੋਇਆ ਬਹੁਤਿਆਂ ਦਾ ਕਲਿਆਣ ਕਰਦੇ ਹਨ। ਪਹਿਲਾਂ ਦੇਹ - ਅਭਿਮਾਨ ਆਉਣ ਨਾਲ ਫਿਰ ਹੋਰ ਵਿਕਾਰ ਆਉਂਦੇ ਹਨ। ਲੜ੍ਹਨਾ, ਝਗੜ੍ਹਨਾ, ਨਵਾਬੀ ਨਾਲ ਚਲਣਾ, ਦੇਹ - ਅਭਿਮਾਨ ਹੈ। ਭਾਵੇਂ ਆਪਣਾ ਰਾਜਯੋਗ ਹੈ, ਤਾਂ ਵੀ ਬਹੁਤ ਸਧਾਰਨ ਰਹਿਣਾ ਹੈ। ਥੋੜ੍ਹੀ ਚੀਜ਼ ਵਿੱਚ ਹੰਕਾਰ ਆ ਜਾਂਦਾ ਹੈ। ਘੜੀ ਫੈਸ਼ਨੇਬਲ ਵੇਖੀ ਤਾਂ ਦਿਲ ਹੋਵੇਗੀ ਇਹ ਪਾਈਏ। ਖਿਆਲ ਚਲਦਾ ਰਹੇਗਾ। ਇਸਨੂੰ ਵੀ ਦੇਹ - ਅਭਿਮਾਨ ਕਿਹਾ ਜਾਂਦਾ ਹੈ। ਚੰਗੀ ਉੱਚੀ ਚੀਜ ਹੋਵੇਗੀ ਤਾਂ ਸੰਭਾਲਣਾ ਪਵੇਗਾ। ਗੁੰਮ ਹੋਵੇਗੀ ਤਾਂ ਖਿਆਲ ਹੋਵੇਗਾ। ਅੰਤ ਸਮੇਂ ਕੁਝ ਵੀ ਯਾਦ ਆਇਆ ਤਾਂ ਪਦਵੀ ਭ੍ਰਿਸ਼ਟ ਹੋ ਜਾਵੇਗੀ। ਇਹ ਦੇਹ - ਅਭਿਮਾਨ ਦੀਆਂ ਆਦਤਾਂ ਹਨ। ਫਿਰ ਸਰਵਿਸ ਬਦਲੇ ਡਿਸਸਰਵਿਸ ਵੀ ਜਰੂਰ ਕਰਨਗੇ। ਰਾਵਣ ਨੇ ਤੁਹਾਨੂੰ ਦੇਹ - ਅਭਿਮਾਨੀ ਬਣਾਇਆ ਹੈ। ਵੇਖਦੇ ਹੋ ਬਾਬਾ ਕਿੰਨਾਂ ਸਧਾਰਨ ਚਲਦੇ ਹਨ। ਹਰ ਇੱਕ ਦੀ ਸਰਵਿਸ ਵੇਖੀ ਜਾਂਦੀ ਹੈ। ਮਹਾਂਰਥੀ ਬੱਚਿਆਂ ਨੂੰ ਆਪਣਾ ਸ਼ੋ ਕਰਨਾ ਹੈ। ਮਹਾਂਰਥੀਆਂ ਨੂੰ ਹੀ ਲਿਖਿਆ ਜਾਂਦਾ ਹੈ ਤੁਸੀਂ ਫਲਾਣੀ ਜਗ੍ਹਾ ਜਾਕੇ ਭਾਸ਼ਣ ਕਰੋ। ਇੱਕ ਦੋ ਨੂੰ ਬੁਲਾਉਂਦੇ ਹਨ। ਪਰ ਬੱਚਿਆਂ ਵਿੱਚ ਦੇਹ - ਅਭਿਮਾਨ ਬਹੁਤ ਰਹਿੰਦਾ ਹੈ। ਭਾਸ਼ਣ ਵਿੱਚ ਭਾਵੇਂ ਚੰਗੇ ਹਨ ਪ੍ਰੰਤੂ ਆਪਸ ਵਿੱਚ ਰੂਹਾਨੀ ਸਨੇਹ ਨਹੀਂ ਹੈ। ਦੇਹ - ਅਭਿਮਾਨ ਲੂਣ - ਪਾਣੀ ਬਣਾ ਦਿੰਦਾ ਹੈ। ਕਿਸੇ ਗੱਲ ਵਿੱਚ ਝੱਟ ਵਿਗੜ ਜਾਣਾ ਇਹ ਵੀ ਨਹੀਂ ਹੋਣਾ ਚਾਹੀਦਾ ਇਸਲਈ ਬਾਬਾ ਪੁੱਛਦੇ ਹਨ ਕਿਸੇ ਨੇ ਵੀ ਪੁੱਛਣਾ ਹੈ ਤਾਂ ਬਾਬਾ ਨੂੰ ਆਕੇ ਪੁੱਛੇ। ਕੋਈ ਕਹੇ ਬਾਬਾ ਤੁਹਾਡੇ ਕਿੰਨੇਂ ਬੱਚੇ ਹਨ? ਕਹਾਂਗੇ ਬੱਚੇ ਤਾਂ ਅਣਗਿਣਤ ਹਨ ਪ੍ਰੰਤੂ ਕੋਈ ਕਪੂਤ, ਕੋਈ ਸਪੂਤ ਚੰਗੇ - ਚੰਗੇ ਹਨ। ਅਜਿਹੇ ਬਾਪ ਦਾ ਤਾਂ ਫਰਮਾਨਬਰਦਾਰ, ਵਫ਼ਾਦਾਰ ਬਣਨਾ ਚਾਹੀਦਾ ਹੈ। ਅੱਛਾ!

ਮਿੱਠੇ - ਮਿੱਠੇ ਸਿਕਿਲੱਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ - ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਦੇ ਲਈ ਮੁੱਖ ਸਾਰ :-

1) ਦੇਹ - ਅਭਿਮਾਨ ਵਿੱਚ ਆਕੇ ਕਿਸੇ ਵੀ ਤਰ੍ਹਾਂ ਦਾ ਫੈਸ਼ਨ ਨਹੀਂ ਕਰਨਾ ਹੈ। ਜਾਸਤੀ ਸ਼ੌਂਕ ਨਹੀਂ ਰੱਖਣੇ ਹਨ। ਬਹੁਤ - ਬਹੁਤ ਸਧਾਰਨ ਹੋਕੇ ਚਲਣਾ ਹੈ।

2) ਆਪਸ ਵਿੱਚ ਬਹੁਤ - ਬਹੁਤ ਰੂਹਾਨੀ ਸਨੇਹ ਨਾਲ ਚਲਣਾ ਹੈ, ਕਦੇ ਵੀ ਲੂਣਪਾਣੀ ਨਹੀਂ ਹੋਣਾ ਹੈ। ਬਾਬਾ ਦਾ ਸਪੂਤ ਬੱਚਾ ਬਣਨਾ ਹੈ। ਹੰਕਾਰ ਵਿੱਚ ਕਦੇ ਨਹੀਂ ਆਉਣਾ ਹੈ।

ਵਰਦਾਨ:- ਆਪਣੇ ਭਾਗ ਅਤੇ ਭਾਗ ਵਿਧਾਤਾ ਦੇ ਗੁਣ ਗਾਉਣ ਵਾਲੇ ਸਦਾ ਪ੍ਰਸਨਚਿਤ ਭਵ।

ਸਾਰੇ ਬ੍ਰਾਹਮਣ ਬੱਚਿਆਂ ਨੂੰ ਜਨਮ ਤੋਂ ਹੀ ਤਾਜ, ਤਖ਼ਤ, ਤਿਲਕ ਜਨਮ ਸਿੱਧ ਅਧਿਕਾਰ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਤਾਂ ਇਸ ਭਾਗ ਦੇ ਚਮਕਦੇ ਹੋਏ ਸਿਤਾਰੇ ਨੂੰ ਵੇਖਦੇ ਹੋਏ ਆਪਣੇ ਭਾਗ ਅਤੇ ਭਾਗ ਵਿਧਾਤਾ ਦੇ ਗੁਣ ਗਾਉਂਦੇ ਰਹੋ ਤਾਂ ਗੁਣ ਸੰਪੰਨ ਬਣ ਜਾਵੋਗੇ। ਆਪਣੀ ਕਮਜੋਰੀਆਂ ਦੇ ਗੁਣ ਨਹੀਂ ਗਾਓ, ਭਾਗ ਦੇ ਗੁਣ ਗਾਉਂਦੇ ਰਹੋ, ਪ੍ਰਸ਼ਨਾਂ ਤੋਂ ਪਾਰ ਰਹੋ ਤਾਂ ਸਦਾ ਪ੍ਰਸਨਚਿਤ ਰਹਿਣ ਦਾ ਵਰਦਾਨ ਪ੍ਰਾਪਤ ਹੋਵੇਗਾ। ਫਿਰ ਦੂਜਿਆਂ ਨੂੰ ਵੀ ਸਹਿਜ ਹੀ ਪ੍ਰਸਨ ਕਰ ਸਕੋਗੇ।

ਸਲੋਗਨ:- ਏਕਾਨਾਮੀ ਅਤੇ ਇੱਕਾਨਾਮੀ ਨਾਲ ਚਲਣਾ ਹੀ ਬ੍ਰਾਹਮਣ ਜੀਵਨ ਵਿੱਚ ਸਫਲਤਾ ਦਾ ਆਧਾਰ ਹੈ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਰ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ"

ਨਿਸ਼ਚੇ ਸਦਾ ਹੀ ਨਿਸ਼ਚਿੰਤ ਬਣਾਉਂਦਾ ਹੈ ਅਤੇ ਜੋ ਨਿਸ਼ਚਿੰਤ ਸਥਿਤੀ ਵਿੱਚ ਰਹਿ ਕੇ ਕੋਈ ਵੀ ਕੰਮ ਕਰਦਾ ਹੈ ਉਹ ਉਸ ਵਿੱਚ ਸਫਲ ਜਰੂਰ ਹੁੰਦਾ ਹੈ ਕਿਉਂਕਿ ਨਿਸ਼ਚਿੰਤ ਸਥਿਤੀ ਵਿੱਚ ਬੁੱਧੀ ਸਹੀ ਜੱਜਮੈਂਟ ਕਰਦੀ ਹੈ। ਅਸਲ ਨਿਰਣੇ ਦਾ ਆਧਾਰ ਹੈ - ਨਿਸ਼ਚੇ ਬੁੱਧੀ, ਨਿਸ਼ਚਿੰਤ ਸਥਿਤੀ, ਉਸ ਵਿੱਚ ਸੋਚਣ ਦੀ ਵੀ ਜਰੂਰਤ ਨਹੀਂ ਹੈ।